

ਲੇਬਰ ਕਾਲੋਨੀ 'ਚ ਸਪਰੇਅ ਕਰਦੇ ਹੋਏ ਕੰਪਨੀ ਦੇ ਵਰਕਰ। ਪੰਜਾਬੀ ਜਾਗਰਣ

# ਵੇਦਾਂਤਾ ਕੰਪਨੀ ਨੇ ਕਰਵਾਈ ਲੇਬਰ ਕਾਲੋਨੀ 'ਚ ਸਪਰੇਅ

ਪੱਤਰ ਪ੍ਰੇਰਕ, ਮਾਨਸਾ : ਵੇਦਾਂਤਾ ਗਰੁੱਪ ਦੇ ਤਲਵੰਡੀ ਸਾਬੋ ਪਾਵਰ ਲਿਮਟਿਡ ਵਲੋਂ ਲੇਬਰ ਕਾਲੋਨੀ ਯਾਦ ਅਲੀ ਅਨਸਾਰੀ ਵਿਖੇ ਸਿਵਲ ਹਸਪਤਾਲ ਮਾਨਸਾ ਦੇ ਸਹਿਯੋਗ ਨਾਲ ਮਲੇਰੀਆ ਤੇ ਡੇਂਗੂ ਦੇ ਬਚਾਅ ਲਈ ਛਿੜਕਾਅ ਕੀਤਾ ਗਿਆ। ਇਸ ਸਬੰਧੀ ਗੱਲਬਾਤ ਕੰਪਨੀ ਦੇ ਪੀਆਰਓ ਪ੍ਰੀਤੀ ਰਾਵਤ ਨੇ ਦੱਸਿਆ ਕਿ ਸਰਦੀ ਦੇ ਮੌਸਮ 'ਚ ਮੱਛਰ ਆਦਿ ਦੇ ਕੱਟਣ ਨਾਲ ਮਲੇਰੀਏ ਤੇ ਡੇਂਗੂ ਦੇ ਫੈਲਣ ਦਾ ਡਰ ਰਹਿੰਦਾ ਹੈ। ਇਸ ਲਈ ਥਰਮਲ ਦੇ ਦੁਆਲੇ ਰਹਿੰਦੇ ਮਜ਼ਦੂਰਾਂ ਦੀਆਂ ਕਾਲੋਨੀਆਂ ਵਿਚ ਸਪਰੇਅ ਦਾ ਛਿੜਕਾਅ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਵੱਲੋਂ ਹਰ ਐਤਵਾਰ ਲੇਬਰ ਕਲੋਨੀ 'ਚ ਮੈਡੀਕਲ ਕੈਂਪ ਵੀ ਲਗਾਇਆ ਜਾਂਦਾ ਹੈ। ਜਿਸ ਵਿਚ ਦਸੰਬਰ ਮਹੀਨੇ ਵਿਚ ਕੰਪਨੀ ਵਲੋਂ 6 ਦਸੰਬਰ ਨੂੰ 105, 9 ਦਸੰਬਰ ਨੂੰ 129, 30 ਦਸੰਬਰ ਨੂੰ 75 ਅਤੇ 112 ਮਰੀਜ਼ਾਂ ਦਾ ਫਰੀ ਚੈਕਅੱਪ ਕੀਤਾ ਗਿਆ। ਉਨ੍ਹਾਂ ਵਲੋਂ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੇਣ ਲਈ ਪੂਰੇ ਇਲਾਕੇ ਵਿਚ ਕੰਪਨੀ ਨੇ ਵਧਾਈ ਸੰਦੇਸ਼ ਵਾਲੇ ਬੈਨਰ ਲਾ ਕੇ ਇਲਾਕੇ ਦੇ ਲੋਕਾਂ ਲਈ ਇਹ ਸਾਲ ਖੁਸ਼ੀਆਂ ਭਰਿਆ ਆਉਣ ਦੀ ਉਮੀਦ ਕੀਤੀ।